**International Journal of Multidisciplinary Research and Development**
**Online ISSN: 2349-4182, Print ISSN: 2349-5979, Impact Factor: RJIF 5.72**
**www.allsubjectjournal.com**
**Volume 3; Issue 7; July 2016; Page No. 267-269**

# ਪੰਜਾਬੀ ਦਾ ਲੋਕ ਬਾਲ ਸਾਹਿਤ-ਲੋਰੀਆਂ

**ਡਾ. ਰਛਪਾਲ ਸਿੰਘ ਉੱਪਲ**

Guru Nanak Khalsa College, Abohar, Punjab, India.

ਅੱਜ ਦਾ ਵਿਗਿਆਨਕ ਯੁੱਗ ਜਿਸਨੂੰ ਅਸੀ ਵਿਸ਼ਵੀਕਰਨ ਦਾ ਦੌਰ ਵੀ ਕਹਿੰਦੇ ਹਾਂ, ਵਿੱਚ ਮਨੁੱਖ ਨੇ ਪੂੰਜੀਵਾਦੀ ਸੋਚ ਨੂੰ ਧਾਰਨ ਕਰਦਿਆਂ ਪਦਾਰਥਕ ਵਸਤਾਂ ਇੱਕਠੇ ਕਰਨ ਦੀ ਹੋੜ ਅਧੀਨ ਸੁਖ ਸਹੂਲਤਾਂ ਤਾਂ ਆਪਣੇ ਕਲਾਵੇ ਵਿਚ ਕਰ ਹੀ ਲਈਆਂ ਹਨ, ਪ੍ਰੰਤੂ, ਮਾਨਸਿਕ /ਆਤਮਿਕ ਤੌਰ ਤੇ ਅੰਦਰੋਂ ਟੁੱਟ ਕੇ, ਰਿਸ਼ਤਿਆਂ ਤੇ ਸਾਕਾਚਾਰੀ ਪੱਖੋਂ ਪਿਆਰ ਵਿਹੂਣਾ ਹੋ ਗਿਆ ਹੈ। ਅਜੋਕੇ ਮਨੁੱਖ ਦੀ ਸੋਚ ਸਿਰਫ਼ ਤੇ ਸਿਰਫ ਪੈਸਾ ਜਾਂ ਧੰਨ ਦੌਲਤ ਦੇ ਅੰਬਾਰ ਲਾਉਣ ਤੱਕ ਸੁੰਗੜ ਕੇ ਰਹਿ ਗਈ ਹੈ। ਇਸ ਤਰ੍ਹਾਂ ਮਨੁੱਖ ਦੀ ਸੰਕੀਰਨ ਸੋਚ ਨੇ ਉਸ ਨੂੰ ਬੌਣੇ ਵਿਅਕਤੀ ਦਾ ਹੀ ਰੂਪ ਬਖਸ਼ਿਆ ਹੈ ਜਿਸ ਨੇ ਰਿਸ਼ਤਿਆਂ ਦੇ ਨਾਲ-ਨਾਲ ਉਸਦੇ ਨਿਤਾ -ਪ੍ਰਤੀ ਦੇ ਕਾਰ-ਵਿਹਾਰ ਅਤੇ ਸਮਾਜਿਕ ਸਬੰਧਾਂ ਵਿਚ ਵੀ ਤਬਦੀਲੀ ਲਿਆਂਦੀ ਹੈ। ਇਸ ਰੁਪਾਂਤਰਨ ਨੇ ਸਾਡੇ ਸਾਹਿਤ ਨੂੰ ਵੀ ਰੂਪ ਅਤੇ ਵਿਸ਼ੇਆਤਮਕ ਪੱਧਰ ਤੇ ਝੰਜੋੜਿਆ ਹੈ। ਅੱਜ ਦੇ ਤਕਨੀਕੀ ਯੁੱਗ ਨੇ ਮਨੁੱਖ ਨੂੰ ਕੇਵਲ ਪਦਾਰਥਕ ਸੁਖ ਸਹੂਲਤਾਂ ਦਾ ਭੋਗਣਹਾਰ ਹੀ ਨਹੀਂ ਬਣਾਇਆ ਸਗੋਂ, ਉਸ ਦੇ ਸੁਹਜ-ਸੁਆਦ ਵਿਚ ਆਈ ਤਬਦੀਲੀ ਨੇ ਉਸ ਦੀ ਜਨਮ-ਜਨਮਾਂਤਰਾਂ ਤੋਂ ਚਲੀ ਆ ਰਹੀ ਪੁਰਾਤਨਤਾ ਨਾਲੋਂ ਸਾਂਝ ਤੋੜਕੇ ਨਵੇਂ ਮਾਪ ਦੰਡ ਵੀ ਸਿਰਜੇ ਹਨ। ਇਹ ਅਜਿਹਾ ਦੌਰ ਹੈ ਜਿਸਨੇ ਸਾਡੇ ਮਨੋਰੰਜਨ ਦੇ ਸਾਧਨਾ ਵਿਚ ਤਬਦੀਲੀ ਦੇ ਨਾਲ ਨਾਲ ਸਾਡੇ ਸੰਗੀਤ ਵਿਚ ਵੀ ਤਾਲ ਅਤੇ ਸੁਰ ਪੱਖੋਂ ਨਿਵੇਕਲਾ ਹੈਰਾਨੀਜਨਕ ਮੋੜ ਕੱਟਿਆ ਹੈ। ਭਾਵ ਕਿ ਅਜੋਕੇ ਮਨੁੱਖ ਦੀ ਸਾਡੇ ਲੋਕਸਾਹਿਤ ਦੇ ਅਮੁੱਕ ਖਜ਼ਾਨੇ ਲੋਕਗੀਤਾ ਨਾਲੋਂ ਵੀ ਸਾਂਝ ਤੋੜ ਕੇ ਪੱਛਮੀ ਰੰਗ ਦੇ ਸੰਗੀਤ ਤੇ ਗਾਇਕੀ ਨੂੰ ਗਲ ਲਾਇਆ ਜਾ ਰਿਹਾ ਹੈ। ਆਧੁਨਿਕ ਸੁਹਜ-ਸੁਆਦ ਦੀ ਪੱਟੀ ਨੌਜਵਾਨ ਪੀੜ੍ਹੀ ਭੁੱਲ ਗਈ ਹੈ ਕਿ ਜੋ ਪਿਆਰ ਅਤੇ ਸਕੂਨ ਸਾਡੇ ਲੋਕਸਾਜ਼ਾਂ ਅਤੇ ਲੋਕ ਗੀਤਾਂ ਰਾਹੀਂ ਨਸੀਬ ਹੁੰਦਾ ਸੀ ਉਹ ਹੁਣ ਪੱਛਮੀ ਸੰਗੀਤਕ ਧੁਨਾਂ ਹੇਠ ਦੱਬਕੇ ਰਹਿ ਗਿਆ ਹੈ। ਸਾਡੇ ਲੋਕ ਸਾਹਿਤ ਦਾ ਸਾਡੇ ਕੋਲ ਐਸਾ ਅਮੀਰ ਖਜ਼ਾਨਾ ਹੈ ਜੋ ਵੰਡਣ ਦੇ ਬਾਵਜੂਦ ਵੀ ਮੁੱਕਦਾ ਨਹੀਂ ਸਗੋਂ ਹੋਰ ਵਧਦਾ ਅਤੇ ਫੈਲਦਾ ਹੈ। ਸੁਹਾਗ ਘੋੜੀਆ, ਸਿੱਠਣੀਆਂ ਮਾਹੀਏ, ਟੱਪੇ ਆਦਿ ਅਜਿਹੇ ਲੋਕ ਕਾਵਿ ਰੂਪ ਹਨ ਜੋ ਸਾਡੀਆਂ ਸੁਆਣੀਆ ਦੇ ਚੇਤਿਆਂ 'ਚ ਉਕਰੇ ਪਏ ਹਨ। ਇਨ੍ਹਾਂ ਵਿਚੋਂ ਇਕ ਕਾਵਿ ਰੂਪ ਹੈ 'ਲੋਰੀ' ਜੋ ਤਕਨਾਲਜੀ ਦੇ ਯੁੱਗ ਵਿਚ ਆਪਣਾ ਰੂਪ ਭਾਵੇਂ ਤਬਦੀਲ ਕਰ ਗਈ ਹੈ ਪਰ ਮਨੁੱਖੀ ਹਿਰਦਿਆਂ ਚੋਂ ਅਜੇ ਮਰੀ ਨਹੀਂ ਹੈ।

ਇਹ ਆਮ ਕਹਾਵਤ ਹੈ ਕਿ ਪੰਜਾਬੀ ਲੋਕ-ਗੀਤਾਂ ਵਿਚ ਹੀ ਜਨਮ ਲੈਂਦਾ ਹੈ ਤੇ ਲੋਕ ਗੀਤਾਂ ਵਿਚ ਹੀ ਮਰਦਾ ਹੈ। ਇਹ ਲੋਕ-ਗੀਤਾਂ ਦੀ ਖਾਸੀਅਤੇ ਹੀ ਕਹੀ ਜਾਵੇਗੀ ਕਿ ਇਹ ਬੱਚੇ ਦੇ ਜਨਮ ਨਾਲ ਹੀ ਆਰੰਭ ਹੋ ਜਾਂਦੇ ਹਨ। ਦੂਜੇ ਸ਼ਬਦਾਂ ਵਿਚ ਪੁੱਤਰ ਦੇ ਜਨਮ ਵੇਲੇ ਉਸਦਾ ਸਵਾਗਤ ਵੀ ਗੀਤਾਂ ਨਾਲ ਹੀ ਕੀਤਾ ਜਾਂਦਾ ਹੈ। ਜਦੋਂ ਬੱਚਾ ਸਵਾ ਮਹੀਨੇ ਦਾ ਹੁੰਦਾ ਹੈ ਤਾਂ ਮਾਂ ਨੂੰ ਨੁਹਾ-ਧੁਆ ਕੇ ਚੁੱਲ੍ਹੇ ਦੇ ਆਹਰ ਵਿਚ ਲਾ ਦਿੱਤਾ ਜਾਂਦਾ ਹੈ, ਜਦੋਂ ਕਿ ਬੱਚੇ ਦੀ ਦਾਦੀ, ਭੂਆ ਜਾਂ ਭੈਣ ਵੱਲੋਂ ਮਾਂ ਤੋਂ ਵਿਛੜੇ ਬੱਚੇ ਨੂੰ, ਰੋਂਦੇ ਨੂੰ ਚੁੱਪ ਕਰਾਉਣ ਲਈ ਜਾਂ ਵਰਚਾਉਣ ਲਈ ਜਿਹੜੇ ਲੋਕ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ 'ਲੋਰੀ' ਕਿਹਾ ਜਾਂਦਾ ਹੈ। ਡਾ. ਕਰਨੈਲ ਸਿੰਘ ਥਿੰਦ ਲਿਖਦੇ ਹਨ:

"ਲੋਰੀਆਂ ਪੰਜਾਬ ਦੇ ਅਜਿਹੇ ਲੋਕ ਗੀਤ ਹਨ, ਜਿਹੜੇ ਮਾਂ ਭੈਣ ਦੁਆਰਾ ਰੋਂਦੇ ਬੱਚੇ ਨੂੰ ਚੁੱਪ ਕਰਾਉਣ, ਪਰਚਾਉਣ ਅਤੇ ਸਲਾਉਣ ਲਈ ਗਾਏ ਜਾਂਦੇ ਹਨ।" [1]

ਬਾਪੂ ਤੇਰਾ ਰਾਜਾ
ਸੋਨੇ ਦਾ ਦਰਵਾਜ਼ਾ
ਚਾਂਦੀ ਦੀਆਂ ਪੌੜੀਆਂ
ਨੀਂਦੇ ਛਮ-ਛਮ ਕਰਦੀ ਆਜਾ

ਜੀਤ ਸਿੰਘ ਜੋਸ਼ੀਅਨੁਸਾਰ:-

'ਲੋਰੀ' ਮਮਤਾ ਭਿੱਜੇ ਬੋਲ ਹੁੰਦੇ ਹਨ। ਮਾਂ ਬੱਚੇ ਨੂੰ ਮਾਧੁਰ ਸੁਰ ਵਿਚ ਜ਼ੋ ਗੀਤ ਸਣਾਉਂਦੀ ਹੈ। ਉਹ 'ਲੋਰੀ' ਹੈ। ਲੋਰੀ ਵਿਚ ਬੋਝਲ ਕਿਸਮ ਦੀ ਸ਼ਬਦਾਵਲੀ ਨਹੀਂ ਹੁੰਦੀ ਸਗੋਂ ਹਲਕਾ-ਫੁਲਕਾ ਮਧੁਰ ਸੰਗੀਤ ਹੁੰਦਾ ਹੈ, ਜਿਵੇਂ:

ਨੀ ਵੀਰ ਮੇਰਾ ਕਿਉਂ ਰੋਵੇ
ਸੋਨੇ ਦੇ ਕਟੋਰੇ ਵਿਚ ਮੂੰਹ ਧੋਵੇ [2]

ਬਿਕਰਮ ਸਿੰਘ ਘੁੰਮਣ ਅਨੁਸਾਰ:-

ਛੋਟੇ ਬੱਚੇ ਨਾਲ ਘਰ ਬਾਰ ਦਾ ਸਾਰਾ ਕੰਮ ਕਰਨ ਤੇ ਬੱਚੇ ਨੂੰ ਵਰਚਾਉਣ ਤੇ ਪਾਲਣ ਪੋਸ਼ਣ ਦੇ ਵਿਚ ਲੋਕ ਗੀਤ 'ਲੋਰੀਆਂ' ਮਾਂ ਦੀ ਸਹਾਇਤਾ ਕਰਦੇ ਹਨ। ਪੰਜਾਬਣਾਂ ਨੇ ਅਨੇਕਾਂ ਮਿੱਠੀਆਂ-ਮਿੱਠੀਆਂ ਲੋਰੀਆਂ ਰਚ ਲਈਆਂ ਹਨ ਜਿਨ੍ਹਾਂ ਦੀ ਲੈ ਵਿਚ ਮਸਤ ਬੱਚੇ ਖੇਡਦੇ-ਖੇਡਦੇ ਸੌਂ ਜਾਂਦੇ ਹਨ।' [3]

ਸ਼ਾਇਦ ਹੀ ਕੋਈ ਅਜਿਹੀ ਭਾਸ਼ਾ ਹੋਵੇਗੀ ਜਿਸਦੇ ਲੋਕ ਸਾਹਿਤ ਵਿਚ 'ਲੋਰੀ' ਕਾਵਿ ਰੂਪ ਨਾਂ ਮਿਲਦਾ ਹੋਵੇ ਅਤੇ ਅਜਿਹੀ ਕੋਈ ਮਾਂ ਵੀ ਨਹੀਂ ਹੋਵੇਗੀ ਜਿਸਨੇ ਆਪਣੇ ਪੁੱਤ ਨੂੰ ਕਦੇ ਲੋਰੀ ਨਾ ਦਿੱਤੀ ਹੋਵੇ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਲੋਰੀ ਵਾਸਤਵ ਵਿਚ ਬੱਚੇ ਦੀ ਪਰਵਰਿਸ਼ ਦਾ ਪਹਿਲਾ ਪਾਠ ਹੋ ਜੋ ਬੱਚੇ ਨੇ ਆਪਣੀ ਮਾਂ ਜਾਂ ਭੈਣ ਤੋਂ ਲਿਆ ਹੁੰਦਾ ਹੈ।ਬੱਚਾ ਭਾਵੇਂ ਆਪਣੀ

ਜ਼ੁਬਾਨ ਤੋਂ ਕੁਝ ਬੋਲ ਤਾਂ ਨਹੀਂ ਸਕਦਾ ਪਰ ਕੰਨਾਂ ਵਿਚ ਮਾਂ ਦੀ ਮਾਖਿਉਂ ਮਿੱਠੀ ਅਵਾਜ਼ ਰਸ ਘੋਲ ਰਹੀ ਹੁੰਦੀ ਹੈ ਜੋ ਉਸਨੂੰ ਮਨ-ਪ੍ਰਚਾਵੇ ਦੇ ਨਾਲ-ਨਾਲ ਮਾਨਸਿਕ ਸਕੂਨ ਵੀ ਪ੍ਰਦਾਨ ਕਰਦੀ ਹੈ। ਲੋਰੀ ਬੱਚੇ ਨੂੰ ਕਿਸੇ ਅਜਿਹੇ ਦੇਸ਼ ਦਾ ਵਾਸੀ ਘੋਸ਼ਿਤ ਕਰਦੀ ਹੈ ਜੋ ਬੱਚੇ ਨੂੰ ਉਨੀਂਦਰ ਅਵਸਥਾ ਤੱਕ ਲੈ ਜਾਂਦੀ ਹੈ:-

ਈਚੀ-ਬੀਚੀ ਕੋਕੋ ਖਾਇ, ਘਿਓ ਦੀ ਚੂਰੀ ਕਾਕਾ ਖਾਇ
ਅੰਮਾਂ ਵਾਰੀ ਜਾਇ, ਰੋਗ ਨਾਂ ਤੇਰੇ ਨੇੜੇ ਆਇ
ਉੱਡਵੇ ਕਾਂਵਾਂ, ਸੁਨਿਆਰੇ ਘਰ ਜਾਵਾਂ
ਕੜੇ ਘੜਾਵਾਂ, ਕਾਕੇ ਹੱਥੀਂ ਪਾਵਾਂ
ਨੇੜੇ ਨਾਂ ਆਵਣ ਤੱਤੀਆਂ ਹਵਾਵਾਂ

ਮਾਂ, ਜਿਸਨੇ ਪੁੱਤਰ ਦੀ ਦਾਤ ਧਾਰਮਿਕ ਅਸਥਾਨ, ਪੀਰਾਂ-ਫਕੀਰਾਂ, ਸਾਧਾਂ, ਸੰਤਾਂ ਦੀ ਦੇਹਲੀ ਤੇ ਮੱਥਾ ਰਗੜ-ਰਗੜ ਕੇ, ਝੋਲੀ ਅੱਡ-ਅੱਡ ਕੇ ਪ੍ਰਾਪਤ ਕੀਤੀ ਹੁੰਦੀ ਹੈ, ਜਿਥੇ ਉਪਰੋਕਤ ਸਭ ਦਾ ਸ਼ੁਕਰਾਨਾ ਕਰਦੀ ਨਹੀਂ ਥੱਕਦੀ ਉਥੇ ਪੁੱਤਰ ਨੂੰ ਲੋਰੀਆਂ, ਅਸੀਸਾਂ ਦੁਆਰਾ ਲੰਮੀ ਉਮਰ ਦੀ ਕਾਮਨਾ ਲਈ ਅਰਦਾਸਾਂ ਕਰਦੀ ਵੀ ਕਦੇ ਨਹੀਂ ਥੱਕਦੀ। ਅਸਲ ਵਿਚ ਇਸਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਔਰਤ ਜੋ ਹੁਣ ਮਾਂ ਬਣ ਚੁੱਕੀ ਹੈ ਉਸ ਦੀ ਆਪਣੀ ਜੜ੍ਹ ਵੀ ਪੁੱਤਰ ਦੀ ਪ੍ਰਾਪਤੀ ਨਾਲ ਹੀ ਲੱਗਦੀ ਹੈ।

ਭੈਣ ਜਿਸ ਦੀ ਆਪਣੀ ਹੋਂਦ ਭਾਵੇਂ ਉਸ ਸਮੇਂ ਬਹੁਤੀ ਮਹੱਤਤਾ ਨਹੀਂ ਰੱਖਦੀ ਸੀ ਤੇ ਜਿਸਦੇ ਜਨਮ ਤੇ ਕਿਸੇ ਨੇ ਭਾਵੇਂ ਕੋਈ ਸ਼ਗਨ ਨਾ ਮਨਾਇਆ ਹੋਵੇ, ਉਸ ਦੀ ਲੋਹੜੀ ਵੀ ਨਾ ਵੰਡੀ ਗਈ ਹੋਵੇ, ਖ਼ੁਦ ਨੂੰ ਕਿਸੇ ਨੇ ਲੋਰੀ ਨਾ ਦਿੱਤੀ ਜਾ ਸੁਣਾਈ ਹੋਵੇ, ਪਰ ਆਪਣੇ ਵੀਰ/ਭਰਾ ਨੂੰ ਲੋਰੀਆਂ ਜ਼ਰੂਰ ਸਣਾਉਂਦੀ ਹੈ। ਇਸ ਤਰ੍ਹਾਂ ਇਨ੍ਹਾਂ ਲੋਕ ਗੀਤਾਂ ਵਿਚ ਮਾਂ ਅਤੇ ਭੈਣ ਦੀਆਂ ਸੱਧਰਾਂ ਪਰੋਈਆਂ ਹੁੰਦੀਆਂ ਹਨ। ਇਨ੍ਹਾਂ ਲੋਰੀਆਂ ਵਿਚ ਕਾਕੇ ਨੂੰ ਗੁਲਾਬ ਦਾ ਫੁੱਲ, ਮੱਖਣ ਦਾ ਪੇੜਾ, ਅੰਬਰ ਦਾ ਚੰਨ ਦੇਸ਼ ਦਾ ਰਾਜਾ, ਸੋਨੇ ਦਾ ਪੰਘੂੜਾ ਝੂਟਣ ਅਤੇ ਚਾਂਦੀ ਦੀਆਂ ਪੌੜੀਆਂ ਚੜ੍ਹਨ ਵਾਲੇ ਬਾਵੇ ਜਾਂ ਲਾਲ ਨਾਲ ਤੁਲਨਾਇਆ ਜਾਂਦਾ ਹੈ:-

ਅੱਲੜ ਬੱਲੜ ਬਾਵੇ ਦਾ, ਬਾਵਾ ਕਣਕ ਲਿਆਵੇਗਾ
ਬਾਵੀ ਬਹਿਕੇ ਛੱਟੇਗੀ, ਸੌ ਰੁਪਈਆ ਵੱਟੇਗੀ
ਇਕ ਰੁਪਈਆ ਖੋਟਾ, ਉਹਦਾ ਲਿਆਂਦਾ ਲੋਟਾ
ਲੋਟੇ ਵਿਚ ਪਾਣੀ ਮਾਂ ਤੇਰੀ ਰਾਣੀ
ਪਿਉ ਤੇਰਾ ਰਾਜਾ, ਸੋਨੇ ਦਾ ਦਰਵਾਜ਼ਾ
ਚਾਂਦੀ ਦੀਆਂ ਪੌੜੀਆਂ, ਸੱਤੇ ਭੈਣਾਂ ਗੋਰੀਆਂ
ਇਕ ਭੈਣ ਕਾਲੀ ਉਹੋ ਕਰਮਾਂ ਵਾਲੀ

ਲੋਰੀ ਦਾ ਹਲੂਣਿਆਂ/ਹੁਲਾਰਿਆਂ ਨਾਲ ਗੂੜ੍ਹਾ ਸਬੰਧ ਹੈ। ਹੁਲਾਰਿਆਂ ਵਾਸਤੇ ਅਜੋਕੇ ਸਮੇਂ ਵਿਚ ਭਾਵੇਂ ਸਰਦੇ-ਪੁਜਦੇ ਘਰ ਬਜ਼ਾਰੋਂ ਰੈਡੀਮੇਡ ਪੰਘੂੜੇ ਖਰੀਦ ਲੈਂਦੇ ਹਨ। ਪਰ ਦਰਮਿਆਨੇ ਜਾਂ ਪੇਂਡੂ ਲੋਕ ਪਹਿਲਾਂ ਅਕਸਰ ਪਰਨੇ ਜਾਂ ਸਾਫ਼ੇ ਨੂੰ ਮੰਜੇ ਦੇ ਸੰਘਿਆਂ ਵਿੱਚੋ ਕੱਢ ਕੇ, ਗੰਢ ਦੇ ਕੇ ਝੋਲੀ ਤਿਆਰ ਕਰਦੇ ਸਨ ਜਿਸ ਵਿਚ ਕਾਕੇ ਨੂੰ ਪਾਇਆ ਜਾਂਦਾ ਸੀ। ਝੋਲੀ ਧਰਤੀ ਨਾਲ ਨਾ ਰਗੜੇ ਮੰਜੇ ਦਿਆਂ ਪਾਵਿਆਂ ਥੱਲੇ ਇੱਟਾਂ ਰੱਖੀਆਂ ਜਾਂਦੀਆ ਸਨ। ਝੱਲੀ ਜਾਂ ਝੋਲੀ ਵਿਚ ਪਏ ਕਾਕੇ ਨੂੰ ਹੂਟੇ ਜਿਸਨੂੰ ਹਲੂਣੇ ਜਾਂ ਮਾਲਵੇ ਵਿਚ ਠੂਣੇ ਵੀ ਕਿਹਾ ਜਾਂਦਾ ਹੈ ਦੇਣ ਦਾ ਕੰਮ ਉਸਦੀ ਵੱਡੀ ਭੈਣ ਕਰਿਆ ਕਰਦੀ ਸੀ। ਸੋ ਇਸ ਝੋਲੀ/ਝੱਲੀ ਜਾਂ ਜਿਸਨੂੰ ਪੰਘੂੜਾ ਵੀ ਕਿਹਾ ਜਾਂਦਾ ਹੈ ਵਿਚ ਪਏ ਬਾਵੇ ਜਾਂ ਕਾਕੇ ਨੂੰ ਇਸ ਤਰਾਂ ਲੋਰੀ ਸੁਣਾਈ ਜਾਂਦੀ ਸੀ:-

ਸੋਨੇ ਦਾ ਪੰਘੂੜਾ, ਸੋਨੇ ਦੀ ਕਟੋਰੀ
ਤੈਨੂੰ ਮਾਂ ਦੇਵੇ ਲੋਰੀ, ਤੈਨੂੰ ਭੈਣ ਦੇਵੇ ਲੋਰੀ
ਮਾਂ ਭੈਣ ਤੋ ਇਲਾਵਾ ਬਾਵੇ ਦੀ ਦਾਦੀ, ਭੂਆ ਆਦਿ

ਵੱਲੋਂ ਵੀ ਆਪਣੇ ਅਤੇ ਬੱਚੇ ਦੇ ਮਨ ਪ੍ਰਚਾਵੇ ਲਈ ਲੋਰੀਆਂ ਗਾਈਆਂ ਜਾਂਦੀਆਂ ਹਨ। ਕਈ ਵਾਰ ਤਾਂ ਪਿੰਡਾਂ ਵਿਚ ਮਹੰਤ/ਖੁਸਰੇ ਜੋ ਕਾਕੇ ਵਾਲੇ ਘਰ ਤੋਂ ਵਧਾਈ ਆਦਿ ਲੈਣ ਆਉਂਦੇ ਹਨ ਵੀ ਬਾਵੇ ਨੂੰ ਗੋਦੀ ਵਿਚ ਬਿਠਾ ਕੇ ਜਾਂ ਚੁੱਕ ਕੇ ਸੰਗੀਤਕ ਸਾਜ਼ਾਂ ਦਾ ਆਸਰਾ ਲੈ ਕੇ ਲੋਰੀਆਂ ਗਾਉਂਦੇ ਹਨ। ਇਸ ਦਾ ਮਕਸਦ ਕੇਵਲ ਲੋਰੀ ਤੱਕ ਹੀ ਨਹੀ ਸਗੋਂ ਉਨ੍ਹਾਂ ਨੂੰ ਮਿਲਨ ਵਾਲੀ ਖ਼ੈਰਾਤ ਨਾਲ ਵੀ ਹੁੰਦਾ ਹੈ। ਉਨ੍ਹਾਂ ਦੁਆਰਾ ਬੱਚੇ ਨੂੰ ਜਿਆਦਾਤਰ ‘ਲਾਲ’ ਸ਼ਬਦ ਨਾਲ ਹੀ ਸੰਬੋਧਨ ਕੀਤਾ ਜਾਂਦਾ ਹੈ:-

ਤੈਨੂੰ ਦਿਆਂ ਲਾਲ ਵੇ ਲੋਰੀਆਂ
ਆਜਾ ਲੈਲਾ ਲਾਲ ਵੇ ਲੋਰੀਆਂ

ਬੇਸ਼ੱਕ ਲੋਰੀਆਂ ਗਾਉਣ ਜਾਂ ਸਣਾਉਣ ਦਾ ਕਾਰਜ ਹਮੇਸ਼ਾਂ ਔਰਤ ਵੱਲੋਂ ਹੀ ਕੀਤਾ ਜਾਂਦਾ ਹੈ ਪਰ ਬੜੀ ਹੈਰਾਨੀਜਨਕ ਅਤੇ ਅਸਚਰਜਤਾ ਭਰੀ ਸਥਿਤੀ ਹੈ ਕਿ ਜੋ ਭਰਾ ਨੂੰ ਲੋਰੀਆਂ ਦੇ-ਦੇ ਕੇ ਪਾਲਦੀ ਅਤੇ ਜਵਾਨ ਕਰਦੀ ਹੈ ਉਸਦੇ ਆਪਣੇ ਜਨਮ ਵੇਲੇ ਉਸਨੂੰ ਲੋਰੀ ਦੇਣ ਵਾਲਾ ਕੋਈ ਨਹੀ ਲੱਭਦਾ। ਇਸ ਵਿਡੰਬਨਾ ਪਿੱਛੇ ਭਾਵੇਂ ਕੋਈ ਵੀ ਕਾਰਜ ਕਾਰਜਸ਼ੀਲ ਹੋਵੇ ਘਰ ਇਸ ਪੱਖ/ਤੱਥ ਤੋਂ ਕਦਾਚਿਤ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਸਾਡੇ ਸਮਾਜ ਵਿਚ ਘਰ ਦੀ ਅਸਲੀ ਸੰਪਤੀ ਲੜਕੇ ਨੂੰ ਹੀ ਸਮਝਿਆ ਜਾਂਦਾ ਹੈ ਕਿਉਂਕਿ ਔਰਤ/ਲੜਕੀ ਤਾਂ ਪਰਾਇਆ ਧੰਨ ਹੀ ਹੈ। ਇਸ ਤਰ੍ਹਾਂ ਲੜਕੀ ਦੇ ਨਾਲ ਸਬੰਧਿਤ ਲੋਰੀਆਂ ਦੀ ਸੰਖਿਆ ਕੇਵਲ ਆਟੇ ਵਿਚ ਲੂਣ ਦੇ ਸਮਾਨ ਹੀ ਹੈ:-

ਸੌਂ ਜਾ ਲਾਡੋ ਰਾਣੀ ਸੌਂਜਾ
ਤੇਰੇ ਚਾਨਣ ਚਾਰ ਚੁਫ਼ੇਰੇ
ਸੌਂ ਜਾ ਗੂੜ੍ਹੀ ਨੀਂਦਰੇ
ਤੈਥੋਂ ਵਾਰੀ ਜਾਵਨ
ਸਭ ਆਲੇ ਭੋਲੇ ਤੇਰੇ

ਇਨ੍ਹਾਂ ਲੋਰੀਆਂ ਦੀ ਬੋਲੀ ਬੜੀ ਸਿੱਧੀ-ਸਾਦੀ, ਅਤੇ ਸਰਲ ਬਿਆਨੀ ਹੁੰਦੀ ਹੈ। ਉਨਾਂ ਦੇ ਪਾਤਰ ਜ਼ਿਆਦਾਤਰ ਨਜ਼ਦੀਕੀ ਰਿਸ਼ਤੇਦਾਰ ਹੀ ਹੁੰਦੇ ਹਨ। ਇਨ੍ਹਾਂ ਲੋਰੀਆਂ ਵਿਚ ਆਲੇ-ਦੁਆਲੇ ਦੀਆਂ ਚੀਜ਼ਾਂ ਦੇ ਵਰਤਣ ਦੇ ਨਾਲ-ਨਾਲ, ਖਾਣ ਪੀਣ ਦੀਆਂ

ਵਸਤਾਂ ਦੇ ਹਵਾਲੇ ਵੀ ਅਕਸਰ ਹੀ ਮਿਲਦੇ ਹਨ। ਡਾ. ਕਰਨੈਲ ਸਿੰਘ ਥਿੰਦ ਅਨੁਸਾਰ:-

"ਸਿੱਧੀ-ਸਾਦੀ ਬੋਲੀ, ਸਰਲ ਬਿਆਨ ਅਤੇ ਬਿਨਾਂ ਕਿਸੇ ਉਚੇਚ ਦੇ ਸਿਰਜੇ ਗਏ ਇਨ੍ਹਾ ਗੀਤਾਂ ਵਿਚ ਮਾਂ ਦੀ ਮਮਤਾ, ਭੈਣ ਦਾ ਪਿਆਰ ਅਤੇ ਮਾਸੂਮੀਅਤ ਝਲਕਾਰੇ ਮਾਰਦੀ ਹੈ। ਸੋ ਲੋਰੀਆ ਨੂੰ ਸਹਿਜੇ ਹੀ ਪੰਜਾਬੀ ਦਾ ਲੋਕ-ਬਾਲ ਸਹਿਤ ਕਿਹਾ ਜਾ ਸਕਦਾ ਹੈ।" [4]

ਟਿੱਪਣੀਆਂ

1. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪੰਨਾ 150
2. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਪੰਨਾ 226
3. ਬਿਕਰਮ ਸਿੰਘ ਘੁੰਮਣ, ਪੰਜਾਬੀ ਲੋਕਗੀਤ, ਪੰਨਾ 25
4. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪੰਨਾ 152